

# ਸਰਕਾਰੀ ਰਣਬੀਰ ਕਾਲਜ ਵਿਖੇ 2 ਰੋਜ਼ਾ ਵਰਕਸ਼ਾਪ ਸਮਾਪਤ



**ਸੰਗਰੂਰ :** ਵਰਕਸ਼ਾਪ ਦੌਰਾਨ ਹਾਜ਼ਰ ਵਿਦਿਆਰਥੀ ਤੇ ਪਤਵੰਤੇ।

**ਨਰੇਸ਼ ਕੁਮਾਰ**

**ਸੰਗਰੂਰ, 28 ਫਰਵਰੀ**

ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਪ੍ਰਿੰਸੀਪਲ ਪ੍ਰੋ.(ਡਾ.) ਸੁਖਵਿੰਦਰ ਸਿੰਘ ਦੀ ਅਗਵਾਈ 'ਚ ਅਤੇ ਮੈਡਮ ਨਿਰਮਲ ਦੀ ਦੇਖ-ਰੇਖ ਵਿੱਚ ਕਾਲਜ ਦੀ 'ਬੈਸਟ ਆਊਟ ਆਫ ਵੇਸਟ' ਸੁਸਾਇਟੀ ਵੱਲੋਂ ਦੋ ਰੋਜ਼ਾ ਵਰਕਸ਼ਾਪ ਦੀ ਸਮਾਪਤੀ ਕਰਵਾਈ ਗਈ। ਇਸ ਵਰਕਸ਼ਾਪ ਦੇ ਦੂਸਰੇ ਦਿਨ ਮੈਡਮ ਕੋਮਲ ਅਤੇ ਮੈਡਮ ਦੀਪਸ਼ਿਖਾ ਨੇ ਰਿਸੋਰਸ ਪਰਸਨ ਵਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਨੇ ਪਹੁੰਚੇ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਇਹਨਾਂ ਤੋਂ ਵੱਧ ਤੋਂ ਵੱਧ ਸਿੱਖਿਆ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਇਸ ਵਰਕਸ਼ਾਪ ਦੀ ਸਫਲਤਾ ਲਈ ਮੁਬਾਰਕਬਾਦ ਦਿੱਤੀ। ਸੁਸਾਇਟੀ ਦੇ ਇੰਚਾਰਜ ਮੈਡਮ ਨਿਰਮਲ ਨੇ ਦੱਸਿਆ ਕਿ ਤਕਰੀਬਨ 150 ਵਿਦਿਆਰਥੀਆਂ ਨੇ ਇਸ ਵਰਕਸ਼ਾਪ ਵਿੱਚ ਹਿੱਸਾ ਲਿਆ। ਰਿਸੋਰਸ ਪਰਸਨ ਮੈਡਮ ਕੋਮਲ ਨੇ ਜਨਮ ਦਿਨ ਮੌਕੇ ਕੀਤੀ ਜਾਣ ਵਾਲੀ ਡੈਕੋਰੇਸ਼ਨ ਸਿਖਾਈ। ਮੈਡਮ ਦੀਪਸ਼ਿਖਾ ਨੇ ਬੇਕਾਰ ਬਏ ਮੋਮੀ ਰੰਗਾਂ ਅਤੇ ਮੋਮ ਤੋਂ ਸੁੰਦਰ ਮੋਮਬੱਤੀਆਂ ਬਣਾਉਣੀਆਂ ਸਿਖਾਇਆ। ਸਮਾਰੋਹ ਦੇ ਅੰਤ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ, ਇੰਚਾਰਜ ਅਤੇ ਸਟਾਫ ਵਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਮੈਡਮ ਮੋਨਿਕਾ ਸੇਠੀ ਨੇ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਗੁਲਸ਼ਨਦੀਪ, ਡਾ. ਰੇਖਾ, ਡਾ. ਮਨਦੀਪ ਚਹਿਲ, ਰਮਨਦੀਪ, ਨਿਤਿਸ਼ ਅਰੋੜਾ, ਰਵਿੰਦਰਪਾਲ ਭੰਗੂ, ਇਕਬਾਲ ਸਿੰਘ, ਜਗਤਾਰ ਸਿੰਘ, ਅਮੋਲਕਜੀਤ, ਗੁਰਪ੍ਰੀਤ ਸਿੰਘ, ਮੈਡਮ ਮਨਜੋਤ ਕੌਰ, ਮੈਡਮ ਮਨਦੀਪ, ਹਰਦੀਪ ਸਿੰਘ, ਹਰਿੰਦਰ ਗੋਲਡਨ ਅਤੇ ਬੀਰਇੰਦਰ ਸਿੰਘ ਭਨਭੌਰੀ ਹਾਜ਼ਰ ਰਹੇ। ਬੈਸਟ ਆਊਟ ਆਫ ਵੇਸਟ ਸੁਸਾਇਟੀ ਜੀਆਰਸੀ ਸੰਗਰੂਰ ਵੱਲੋਂ ਜਲਦੀ ਹੀ ਇੱਕ ਰੋਜ਼ਾ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।



ਵਿਦਿਆਰਥੀ। ਪੰਜਾਬੀ ਜਾਗਰਣ

## ਮਨਾਇਆ 'ਵਿਸ਼ਵ ਅਧਿਕਾਰ ਦਿਵਸ'

ਮਣੀ ... ਚੱਲ ... ਗੀਰੀ ... ਲਜ ... ਾਗ ... ਾਰ ... ਤੇਨ ... ਾ। ... ਜ

ਇਸ ਵਿਸ਼ੇਸ਼ ਦਿਨ 'ਤੇ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਹੱਥੀਂ ਤਿਆਰ ਕੀਤੀਆਂ ਖਾਣ-ਪੀਣ ਦੀਆਂ ਵਸਤਾਂ ਦੀਆਂ ਸਟਾਲਾਂ ਵੀ ਲਗਾਈਆਂ ਗਈਆਂ। ਕਾਲਜ ਦੇ ਸਟਾਫ ਅਤੇ ਬਾਕੀ ਵਿਦਿਆਰਥੀਆਂ ਵੱਲੋਂ ਉਨ੍ਹਾਂ ਤੋਂ ਖਰੀਦਦਾਰੀ ਕੀਤੀ ਗਈ। ਇਸ ਮੌਕੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੇ ਪ੍ਰਿੰਸੀਪਲ ਡਾ. ਚਰਨਦੀਪ ਸਿੰਘ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਮਲਵਿੰਦਰ ਸਿੰਘ ਨੇ ਕਾਮਰਸ ਵਿਭਾਗ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਜਿੱਥੇ ਵਿਦਿਆਰਥੀਆਂ 'ਚ ਸਵੈ ਰੁਜ਼ਗਾਰ ਚਲਾਉਣ ਦੇ ਗੁਣ ਪੈਦਾ ਕਰਨਗੇ, ਉੱਥੇ ਹੀ ਵਿਦਿਆਰਥੀਆਂ 'ਚ ਵਿਦੇਸ਼ ਜਾਣ ਦੇ ਰੁਝਾਨ ਨੂੰ ਵੀ ਠੱਲ੍ਹ ਪਾਉਣ 'ਚ ਲਾਜ਼ਮੀ ...ਗਾਰ ਹੋਣਗੇ। ਇਸ ਸੈਮੀਨਾਰ ਦੌਰਾਨ ...ਜ ਸੈਕਟਰੀ ਦੀ ਭੂਮਿਕਾ ਪ੍ਰੋ. ਮਨਦੀਪ ਕੌਰ ... ਨਿਭਾਈ ਗਈ ਤੇ ਇਸ ਸਾਰੇ ਪ੍ਰੋਗਰਾਮ ...ਨ ਪ੍ਰੋ. ਗੁਰਮੀਤ ਕੌਰ, ਪ੍ਰੋ. ਸੁਖਵੀਰ ਕੌਰ, ...ਨਦੀਪ ਕੌਰ, ਪ੍ਰੋ. ਗੁਰਦੀਪ ਸਿੰਘ, ਪ੍ਰੋ. ...ਮੀਤ ਕੌਰ, ਪ੍ਰੋ. ਸੁਖਪਾਲ ਸਿੰਘ, ਪ੍ਰੋ. ...ਤ ਸਿੰਘ ਪ੍ਰੋ. ਸੁਖਮਨਦੀਪ ਸਿੰਘ, ...ਤ ਕੌਰ, ਮਨਪ੍ਰੀਤ ਸਿੰਘ, ਪ੍ਰੋ. ਚਮਕੌਰ ... ਕਰਮਜੀਤ ਕੌਰ, ਪ੍ਰੋ. ਕਿਰਨਜੀਤ ...ਦੀਪ ਕੌਰ ਤੇ ਵਿਦਿਆਰਥੀ ਹਾਜ਼ਰ

# ਕਲਾਤਮਕਤਾ ਰਾਹੀਂ ਹੋ ਸਕਦੀ ਸਮਾਜ ਸੇਵਾ : ਹਰਸ਼ਜੋਤ ਕੌਰ

## ਵਿਦਿਆਰਥੀਆਂ ਨੇ ਕਬਾੜ ਤੋਂ ਤਿਆਰ ਕੀਤੀ ਕਲਾਤਮਕ ਸਿਰਜਣਾ

**ਬਲਜੀਤ ਸਿੰਘ ਟਿੱਬਾ, ਸੰਗਰੂਰ**

ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਪ੍ਰਿੰਸੀਪਲ ਪ੍ਰੋ.(ਡਾ.) ਸੁਖਵਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਅਤੇ ਇੰਚਾਰਜ ਮੈਡਮ ਨਿਰਮਲ ਦੀ ਦੇਖ-ਰੇਖ ਵਿਚ ਕਾਲਜ ਦੀ ਬੈਸਟ ਆਊਟ ਆਫ ਵੇਸਟ ਸੁਸਾਇਟੀ ਵੱਲੋਂ ਕਾਨਫਰੰਸ ਹਾਲ ਵਿਖੇ ਇੱਕ ਰੋਚਕ ਪ੍ਰਦਰਸ਼ਨੀ ਲਾਈ ਗਈ। ਜਿਸ ਦੇ ਸਵੇਰ ਦੇ ਸੈਸ਼ਨ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਪ੍ਰੋ.(ਡਾ.) ਸੁਖਵਿੰਦਰ ਸਿੰਘ ਅਤੇ ਵਿਸ਼ੇਸ਼ ਮਹਿਮਾਨ ਮੈਡਮ ਪੂਨਮ ਕੁੰਦਰਾ, ਡੀਪੀਐਸ ਸੰਗਰੂਰ ਸਨ। ਪ੍ਰਦਰਸ਼ਨੀ ਦਾ ਰਸਮੀ ਉਦਘਾਟਨ ਮਹਿਮਾਨਾਂ ਵਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਤੋਂ ਬਾਅਦ ਜੋਤੀ ਜਗਾਉਣ ਦੀ ਰਸਮ ਅਦਾ ਕੀਤੀ ਗਈ। ਵਿਸ਼ੇਸ਼ ਮਹਿਮਾਨ ਮੈਡਮ ਪੂਨਮ ਨੇ ਵਿਦਿਆਰਥੀਆਂ ਵਿੱਚ ਕਲਾਤਮਕ ਰੁਚੀ ਪੈਦਾ ਕਰਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਸ਼ਾਮ ਦੇ ਸੈਸ਼ਨ ਦੇ ਮੁੱਖ ਮਹਿਮਾਨ ਵਜੋਂ ਇੰਸਪੈਕਟਰ ਹਰਸ਼ਜੋਤ ਕੌਰ ਨੇ ਪ੍ਰਦਰਸ਼ਨੀ ਦੀ ਸ਼ੋਭਾ ਵਧਾਈ। ਮੈਡਮ ਹਰਨਵਜੋਤ ਕੌਰ ਨੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਦਰਸ਼ਨੀ ਦੇ ਦੌਰੇ ਤੋਂ ਬਾਅਦ ਇਨਾਮ ਵੰਡ ਸਮਾਰੋਹ ਮੌਕੇ ਪ੍ਰਿੰਸੀਪਲ ਵੱਲੋਂ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਇੰਚਾਰਜ ਮੈਡਮ ਨਿਰਮਲ ਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਵਲੋਂ ਕਬਾੜ ਤੋਂ ਕਲਾਤਮਕ ਸਿਰਜਣਾ ਕਰਨ ਦੇ ਯਤਨ ਦੀ ਪ੍ਰਸ਼ੰਸਾ ਕੀਤੀ। ਮੁੱਖ ਮਹਿਮਾਨ ਇੰਸਪੈਕਟਰ ਹਰਸ਼ਜੋਤ ਕੌਰ ਨੇ ਆਪਣੇ ਸੰਦੇਸ਼ ਵਿੱਚ ਵਿਦਿਆਰਥੀਆਂ ਦੀ ਕਲਾਤਮਕ ਰੁਚੀ ਦੀ ਸਰਾਹਣਾ ਕੀਤੀ ਅਤੇ ਕਿਹਾ ਕਿ ਕਲਾਤਮਕ ਸਿਰਜਣਾ ਰਾਹੀਂ ਵੀ ਅਸੀ ਸਮਾਜ ਦੀ ਸੇਵਾ ਕਰ ਸਕਦੇ ਹਾਂ। ਇੰਚਾਰਜ ਮੈਡਮ ਨਿਰਮਲ ਨੇ ਦੱਸਿਆ ਕਿ ਤਕਰੀਬਨ 60 ਵਿਦਿਆਰਥੀਆਂ ਨੇ ਇਸ ਪ੍ਰਦਰਸ਼ਨੀ ਵਿੱਚ ਭਾਗ ਲਿਆ, ਜਿਨ੍ਹਾਂ ਨੂੰ 15 ਦਿਨ ਪਹਿਲਾਂ ਗਰੁੱਪਾਂ ਵਿਚ ਵੰਡ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਪ੍ਰਦਰਸ਼ਨੀ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਇੱਕ-ਦੂਜੇ ਨਾਲ ਸੋਚ ਅਤੇ ਕਲਪਨਾ ਮਿਲਾ ਕੇ ਨਵੀਆਂ ਕਲਾ ਕ੍ਰਿਤੀਆਂ ਪੈਦਾ ਕਰਨਾ ਸਿਖਾਉਣਾ ਸੀ। ਮੈਡਮ ਰਿੱਤੂ ਮਹਿਤਾ ਲੈਕਚਰਾਰ ਸ.ਸ.ਸ.ਸ.ਸਕੂਲ ਫੁੱਲਰਹੇੜੀ, ਮੈਡਮ ਜਯੋਤੀ ਅਤੇ ਮੈਡਮ ਅੰਜੂ ਨੇ ਇਸ ਪ੍ਰਦਰਸ਼ਨੀ ਮੁਕਾਬਲੇ ਦੀ ਜੱਜਮੈਂਟ ਕੀਤੀ ਜਿਸ ਵਿਚ ਪਹਿਲਾ ਸਥਾਨ ਗਰੁੱਪ ਰੋਜ਼-ਯਸ਼ਿਕਾ, ਪ੍ਰੀਤੀ, ਪ੍ਰਭਜੋਤ, ਆਂਚਲ, ਦੂਜਾ ਸਥਾਨ ਗਰੁੱਪ ਸੈਫਰੋਨ- ਮਨਪ੍ਰੀਤ ਕੌਰ, ਸੁੱਖਪਾਲ ਕੌਰ, ਅਰਸ਼ਦੀਪ ਕੌਰ, ਜਸਵਿੰਦਰ ਸਿੰਘ ਨੇ ਅਤੇ ਤੀਜਾ ਸਥਾਨ ਗਰੁੱਪ ਪੈਨਜ਼ੀ-ਲੱਕੀ ਸਿੰਗਲਾ, ਗੁਰਪ੍ਰੀਤ ਸਿੰਘ, ਪਰਾਚੀ, ਪ੍ਰੀਤੀ ਨੇ ਹਾਸਲ ਕੀਤਾ। ਪੂਰੇ ਸਮਾਗਮ ਦੌਰਾਨ ਮੰਚ ਸੰਚਾਲਕ ਦੀ ਭੂਮਿਕਾ ਇੰਚਾਰਜ ਮੈਡਮ ਨਿਰਮਲ ਦੀ ਬੇਟੀ ਮਿਸ ਨਵਰੀਤ ਕੌਰ ਮਹਿਲ ਵੱਲੋਂ ਬਾਖੂਬੀ ਨਿਭਾਈ ਗਈ, ਜਿਸ ਲਈ ਉਸ ਨੂੰ ਉਚੇਚੇ ਤੌਰ 'ਤੇ ਪ੍ਰਿੰਸੀਪਲ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਮੈਡਮ ਹਰਨਵਜੋਤ ਕੌਰ, ਮੈਡਮ ਜਿਯੋਤੀ ਗੁਪਤਾ, ਮੈਡਮ ਨਿਮਰਤ ਕੌਰ, ਮੈਡਮ ਮੋਨਿਕਾ ਸੇਠੀ ਵਲੋਂ ਵੀ ਇਸ ਪ੍ਰਦਰਸ਼ਨੀ ਬਾਰੇ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕੀਤੇ ਗਏ। ਧੰਨਵਾਦੀ ਸ਼ਬਦ ਵਾਇਸ ਪ੍ਰਿੰਸੀਪਲ ਮਿਨਾਕਸ਼ੀ ਮੜਕਣ ਨੇ ਕਹੇ। ਇਸ ਮੌਕੇ ਹਰਿੰਦਰ ਗੋਲਡਨ, ਹਰਦੀਪ ਸਿੰਘ, ਇਕਬਾਲ ਸਿੰਘ, ਜਗਤਾਰ ਸਿੰਘ, ਜਗਸੀਰ ਸਿੰਘ, ਮੈਡਮ ਜੈ-ਦੇਵੀ, ਮੈਡਮ ਰਾਜਵਿੰਦਰ ਕੌਰ, ਮੈਡਮ ਮਨਦੀਪ ਕੌਰ ਚਹਿਲ, ਮੈਡਮ ਗੁਲਸ਼ਨਦੀਪ ਅਤੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਹਾਜ਼ਰ ਸੀ।



ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ। ਪੰਜਾਬੀ ਜਾਗਰਣ

ਇਕ ਨਜ਼ਰ



ਕੈਨੇਡਾ ਵਾਸੀ ... ਕਲੱਬ ਨੂੰ ਮਾਲੀ ... ਸੇਵੀ ਕੰਮ ਦੀ ... ਸਨਮਾਨ ਕਰਦੇ ... ਹੋਰ ਸ਼ਖਸੀਅਤ...



ਡਾ. ਚਮਕੌਰ ... ਸ਼ਰਮਾ ਤੇ ਹੋ...

## ਡਾ. ...

ਪੱਤਰ ਪ੍ਰੇ... ਸੇਵਾ ਦੇ ... ਲੋਕ ਸੇਵ... ਦਿਹਾੜੇ ... ਇਸ ਪ੍ਰ... ਚਮਕੌ... ਹੀ ਵੱ...


Self love is not selfishness
Believe in Your self
I AM ENOUGH


TOGETHER
Latte
Coffee
Guru Nanak Girls College



ਵਰਕਸ਼ਾਪ ਦਾ ਉਦਘਾਟਨ ਕਰਦੇ ਹੋਏ ਪ੍ਰਿੰਸੀਪਲ ਡਾਕਟਰ ਸੁਖਵਿੰਦਰ ਸਿੰਘ ਅਤੇ ਹੋਰ ਕਾਲਜ ਪ੍ਰਬੰਧਕ। ਤਸਵੀਰ: ਦਰਸ਼ਨ ਵਧਵਾ

# ਬੇਕਾਰ ਚੀਜ਼ਾਂ ਤੋਂ ਕਲਾਤਮਕ ਚੀਜ਼ਾਂ ਬਣਾਉਣ ਸੰਬੰਧੀ ਕਾਲਜ ਵਿਚ ਲਗਾਈ ਵਰਕਸ਼ਾਪ

ਸੰਗਰੂਰ, 27 ਫਰਵਰੀ (ਅਮਨਦੀਪ ਸਿੰਘ ਬਿੱਟਾ) – ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਪ੍ਰਿੰਸੀਪਲ ਸੁਖਵਿੰਦਰ ਸਿੰਘ ਦੀ ਰਹਿਨੁਮਾਈ ਅਤੇ ਮੈਡਮ ਨਿਰਮਲ ਦੀ ਦੇਖ ਰੇਖ ਹੇਠ ਕਾਲਜ ਦੀ "ਬੈਸਟ ਆਊਟ ਆਫ਼ ਵੈਸਟ" ਸੁਸਾਇਟੀ ਵਲੋਂ ਦੋ ਰੋਜਾ ਵਰਕਸ਼ਾਪ ਲਗਵਾਈ ਗਈ। ਵਰਕਸ਼ਾਪ ਦਾ ਉਦਘਾਟਨ ਪ੍ਰਿੰਸੀਪਲ ਸੁਖਵਿੰਦਰ ਸਿੰਘ ਨੇ ਕੀਤਾ ਅਤੇ ਸਟੇਟ ਐਵਾਰਡੀ ਮੈਡਮ ਮੋਨਿਕਾ ਖੀਪਲ ਨੇ ਰਿਸੋਰਸ ਪਰਸਨ ਵਜੋਂ ਸ਼ਮੂਲੀਅਤ ਕੀਤੀ। ਵਾਇਸ ਪ੍ਰਿੰਸੀਪਲ ਮੀਨਾਕਸ਼ੀ ਮੜਕਣ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਮੈਡਮ ਨਿਰਮਲ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦੇ ਵਿਦਿਆਰਥੀ ਪਿਛਲੇ ਕਈ ਦਿਨਾਂ ਤੋਂ ਵਰਕਸ਼ਾਪ ਦੀ ਸਫਲਤਾ ਲਈ ਯਤਨ ਕਰਦੇ ਆ ਰਹੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਰਹਿੰਦ-ਖੂੰਦ ਤੋਂ ਕਲਾਤਮਕ ਚੀਜ਼ਾਂ ਬਣਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਜ਼ਿੰਦਗੀ ਵਿਚ ਕੁਝ ਵੀ ਬੇਕਾਰ ਜਾਂ ਫ਼ਾਲਤੂ ਨਹੀਂ ਹੁੰਦਾ। ਡਾਕਟਰ ਮੋਨਿਕਾ ਨੇ ਕਾਲਜ ਦੀ ਬੈਸਟ ਆਊਟ ਆਫ ਵੈਸਟ ਸੁਸਾਇਟੀ ਦੀ ਵਰਕਸ਼ਾਪ ਅਤੇ ਪ੍ਰਦਰਸ਼ਨੀ ਲਗਵਾਉਣ ਦੀ ਸ਼ਲਾਘਾ ਕੀਤੀ। ਮੋਨਿਕਾ ਖਿੱਪਲ ਨੇ ਟੁੱਟੀਆਂ ਫੁੱਟੀਆਂ ਬੇਕਾਰ ਚੀਜ਼ਾਂ ਨੂੰ ਉਪਯੋਗੀ ਚੀਜ਼ਾਂ ਵਿਚ ਤਬਦੀਲ ਕਰਨਾ ਸਿਖਾਇਆ।


Waste to Wonder
An Exhibition
ORGANISED BY
Best Out of Waste Society
GRC SANGRUR





ਸਰਕਾਰੀ ਰਣਬੀਰ ਕਾਲਜ, ਸੰਗਰੂਰ
ਸਾਲਾਨਾ ਇਨਾਮ ਵੰਡ ਸਮਾਰੋਹ
Studio Citylight


ਸਰਕਾਰੀ ਰਣਬੀਰ ਕਾਲਜ, ਸੰਗਰੂਰ
ਸਾਲਾਨਾ ਇਨਾਮ ਵੰਡ ਸਮਾਰੋਹ



Department of Home Science
Presents
Tie Dye
Exhibition
ON MARCH 11TH AT 11.00 AM
Chief Guest
rof. Dr. Sukhwinder Singh
(Principal GRC Sangrur)
Guest of Honour
Meenakshi Markan
(Vice Principal)


Department of Home Science
Presents
Tie Dye
Exhibition
ON MARCH 11TH AT 11.00 AM
Chief Guest




Latte
Guru Nanak Girls College